Office of the Deputy Commissioner & Distt. Magistrate, Bathinda
(Corona Monitoring Cell)

## ਦਫਤਰੀ ਹੁਕਮ

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਨਿਮਨਹਸਤਾਖਰ ਵੱਲੋਂ ਪਿੱਠ ਅੰਕਣ ਨੰਬਰ 5713-99 ਮਿਤੀ 23-3/2020 ਰਾਹੀਂ ਅਧੀਨ ਧਾਰਾ 144 ਫੌਜ਼ਦਾਰੀ ਜਾਬਤਾ ਸੰਘਤਾ, 1973 ਬਠਿੰਡਾ ਜ਼ਿਲ੍ਹਾ ਦੀ ਹਦੂਦ ਅੰਦਰ ਕਿਸੇ ਵੀ ਪਬਲਿਕ ਦੇ ਵਿਅਕਤੀ ਨੂੰ ਘਰ ਤੋਂ ਬਾਹਰ ਸੜਕ ਜਾਂ ਪਬਲਿਕ ਜਗ੍ਹਾ ਤੇ ਆਉਣ ਤੋਂ ਮਨਾਹੀ ਕਰਦੇ ਹੋਏ ਕਰਫਿਊ ਦੇ ਹੁਕਮ ਜਾਰੀ ਕੀਤੇ ਗਏ ਸਨ।

ਇਸ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਕਿਸਾਨਾਂ/ਵਸਨੀਕਾਂ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਸਾਨਾਂ ਨੂੰ ਫਸਲ ਦੀ ਕਟਾਈ ਲਈ ਖੇਤੀ ਮਸ਼ੀਨਰੀ, ਕੰਬਾਇਨਾਂ ਦੀ ਰਿਪੇਅਰ ਲਈ ਵਰਕਸ਼ਾਪਾਂ ਨੂੰ ਸਵੇਰੇ 5 ਤੋਂ 8 ਵਜੇ ਤੱਕ ਢਿੱਲ / ਛੋਟ ਦਿੱਤੀ ਜਾਂਦੀ ਹੈ।

ਇਸ ਤੋਂ ਇਲਾਵਾ ਕੀਟਨਾਸ਼ਕ, ਬੀਜ਼ (ਮੂੰਗੀ), ਖਾਦ ਕੈਟਲਫੀਡ ਅਤੇ ਹੋਰ ਜਰੂਰੀ ਵਸਤਾਂ, ਕੋਆਪਰੇਟਿਵ ਸੁਸਾਇਟੀਆਂ ਰਾਹੀਂ ਸਪਲਾਈ ਕਰਨ ਲਈ ਜ਼ਿਲ੍ਹੇ ਦੀਆਂ ਸਾਰੀਆਂ ਕੋਆਪਰੇਟਿਵ ਸੁਸਾਇਟੀਆਂ ਸਵੇਰੇ 09 ਵਜੇ ਤੋਂ 05 ਵਜੇ ਤੱਕ ਖੁੱਲੀਆਂ ਰਹਿਣਗੀਆਂ ਅਤੇ ਉਪਰੋਕਤ ਦਰਸਾਈਆਂ ਵਸਤਾਂ ਸਹਿਕਾਰੀ ਸਭਾਵਾਂ ਨੂੰ ਮਾਰਕਫੈੱਡ ਅਤੇ ਹੋਰ ਸਾਰੇ ਸਹਿਕਾਰੀ ਅਦਾਰੇ ਸਪਲਾਈ ਕਰਨਗੇ।

ਉਪਰੋਕਤ ਦਰਸਾਏ ਕੰਮਾਂ ਲਈ ਸਬੰਧਤਾਂ ਨੂੰ ਅਤੇ ਸਬੰਧਤ ਕੰਮਾਂ ਲਈ ਕਰਫਿਊ/ ਲਾਕਡਾਊਨ ਪਾਸ ਜ਼ਾਰੀ ਕਰਨ ਦੇ ਅਧਿਕਾਰ ਮੁੱਖ ਖੇਤੀਬਾੜੀ ਅਫਸਰ, ਬਠਿੰਡਾ ਅਤੇ ਡਿਪਟੀ ਰਜਿਸਟਰਾਰ, ਕੋਆਪਰੇਟਿਵ ਸੁਸਾਇਟੀ, ਬਠਿੰਡਾ ਨੂੰ ਦਿੱਤੇ ਜਾਂਦੇ ਹਨ।

ਇਹ ਅਦਾਰੇ ਕੋਵਿਡ-19 ਨਾਲ ਸਬੰਧਤ ਭਾਰਤ ਸਰਕਾਰ / ਰਾਜ ਸਰਕਾਰ ਅਤੇ ਨਿਮਨਹਸਤਾਖਰ ਵੱਲੋਂ ਜਾਰੀ ਕੀਤੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨਗੇ ਅਤੇ ਜੇਕਰ ਉਨ੍ਹਾਂ ਵੱਲੋਂ ਕੋਵਿਡ -19 ਨਾਲ ਸਬੰਧਤ ਹਦਾਇਤਾਂ ਦੀ ਕੋਈ ਵੀ ਉਲੰਘਣਾ ਕੀਤੀ ਗਈ ਤਾਂ ਉਨ੍ਹਾਂ ਵਿਰੁੱਧ ਕਰੀਮਨਲ ਕਾਰਵਾਈ ਕੀਤੀ ਜਾਵੇਗੀ।

ਜ਼ਿਲਾ ਮੈਜਿਸਟਰੇਟ,
ਬਠਿੰਡਾ।

ਪਿੱ.ਅੰਕਣ ਨੰ:770-789....../ ਮਿਤੀ 31 / 03 /2020

ਇਸ ਦਾ ਇੱਕ ਉਤਾਰਾ:

1. ਸੀਨੀਅਰ ਕਪਤਾਨ ਪੁਲਿਸ, ਬਠਿੰਡਾ
2. ਕਮਿਸ਼ਨਰ, ਨਗਰ ਨਿਗਮ, ਬਠਿੰਡਾ
3. ਵਧੀਕ ਡਿਪਟੀ ਕਮਿਸ਼ਨਰ (ਜਨਰਲ) / (ਵਿਕਾਸ), ਬਠਿੰਡਾ
4. ਉਪ ਮੰਡਲ ਮੈਜਿਸਟਰੇਟ, ਬਠਿੰਡਾ / ਤਲਵੰਡੀ ਸਾਬੋ/ ਰਾਮਪੁਰਾ ਫੂਲ/ ਮੌੜ
5. ਤਹਿਸੀਲਦਾਰ, ਬਠਿੰਡਾ / ਤਲਵੰਡੀ ਸਾਬੋ/ ਰਾਮਪੁਰਾ ਫੂਲ/ ਮੌੜ
6. ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ
7. ਸਿਵਲ ਸਰਜਨ, ਬਠਿੰਡਾ
8. ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਬਠਿੰਡਾ
9. ਮੁੱਖ ਖੇਤੀਬਾੜੀ ਅਫਸਰ ਬਠਿੰਡਾ
10. ਡਿਪਟੀ ਰਜਿਸਟਰਾਰ, ਕੋਆਪਰੇਟਿਵ ਸੁਸਾਇਟੀਜ਼ ਬਠਿੰਡਾ
11. ਜ਼ਿਲ੍ਹਾ ਮੈਨੇਜਰ, ਮਾਰਕਫੈੱਡ, ਬਠਿੰਡਾ

ਪਾਸ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਮੈਜਿਸਟਰੇਟ,
ਬਠਿੰਡਾ।

Scanned with CamScanner